ਆਪਣੀ ਸੂਰਤ ਤੋਂ ਬਾਪ ਦੀ ਸੀਰਤ ਨੂੰ ਪ੍ਰਤੱਖ ਕਰੋ ਤਾਂ ਪ੍ਰਤੱਖਤਾ ਦਾ ਨਗਾੜਾ ਵੱਜੇਗਾ ।

ਅੱਜ ਬਾਪਦਾਦਾ ਦੋ ਵਿਸ਼ਾਲ ਸਭਾਵਾਂ ਨੂੰ ਦੇਖ ਰਹੇ ਹਨ। ਇੱਕ ਤਾਂ ਸਾਕਾਰ ਰੂਪ ਵਿੱਚ ਤੁਸੀਂ ਸਭ ਸਮੁੱਖ ਹੋ ਅਤੇ ਦੂਸਰੀ ਅਵਿਅਕਤ ਰੂਪ ਦੀ ਵਿਸ਼ਾਲ ਸਭਾ ਦੇਖ ਰਹੇ ਹਨ। ਚਾਰੋਂ ਪਾਸੇ ਦੇ ਅਨੇਕ ਬੱਚੇ ਇਸ ਸਮੇਂ ਅਵਿੱਅਕਤ ਰੂਪ ਵਿੱਚ ਬਾਪ ਨੂੰ ਸਮੁਖ ਦੇਖ ਰਹੇ ਹਨ, ਸੁਣ ਰਹੇ ਹਨ। ਦੋਵੇਂ ਹੀ ਸਭਾ ਇੱਕ ਦੋ ਨੂੰ ਪ੍ਰਿਯ ਹਨ। ਅੱਜ ਵਿਸ਼ੇਸ਼ ਸਭ ਦੇ ਦਿਲ ਵਿੱਚ ਬ੍ਰਹਮਾ ਬਾਪ ਦੀ ਯਾਦ ਇਮਰਜ ਹੈ ਕਿਉਂਕਿ ਬ੍ਰਹਮਾ ਬਾਪ ਦਾ ਇਸ ਡਰਾਮੇ ਵਿੱਚ ਵਿਸ਼ੇਸ਼ ਪਾਰ੍ਰ ਹੈ। ਸਭ ਦਾ ਬ੍ਰਹਮਾ ਬਾਪ ਨਾਲ ਦਿਲ ਦਾ ਸਨੇਹ ਹੈ ਕਿਉਂਕਿ ਬ੍ਰਹਮਾ ਬਾਪ ਦਾ ਵੀ ਇੱਕ - ਇੱਕ ਬੱਚੇ ਨਾਲ ਅਤਿ ਪਿਆਰ ਹੈ। ਜਿਵੇਂ ਤੁਸੀਂ ਬੱਚੇ ਇੱਥੇ ਸਾਕਾਰ ਵਿੱਚ ਬ੍ਰਹਮਾ ਬਾਪ ਦੇ ਗੁਣ ਅਤੇ ਕਰਤਵ ਯਾਦ ਕਰਦੇ ਹੋ ਉਵੇ ਬ੍ਰਹਮਾ ਬਾਪ ਵੀ ਤੁਸੀਂ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ ਦਾ, ਸੇਵਾ ਦਾ ਗੁਣਗਾਨ ਕਰਦੇ ਹਨ। ਤਾਂ ਬ੍ਰਹਮਾ ਦਾ ਅਵਿੱਅਕਤ ਆਵਾਜ਼ ਤੁਹਾਨੂੰ ਸਭਨੂੰ ਪਹੁੰਚਦਾ ਹੈ? ਤੁਸੀਂ ਸਭ ਵਿਸ਼ੇਸ਼ ਅੰਮ੍ਰਿਤਵੇਲੇ ਤੋਂ ਲੈਕੇ ਜੋ ਮਿੱਠੀਆਂ - ਮਿੱਠੀਆਂ ਗੱਲਾਂ ਕਰਦੇ ਹੋ ਜਾਂ ਮਿੱਠੇ - ਮਿੱਠੇ ਉਲਾਹਣੇ ਵੀ ਦਿੰਦੇ ਹੋ, ਉਹ ਬ੍ਰਹਮਾ ਬਾਪ ਸੁਣਕੇ ਮੁਸਕੁਰਾਉਂਦੇ ਰਹਿੰਦੇ ਹਨ ਹੋਰ ਕੀ ਗੁਣ ਗਾਉਂਦੇ ਹਨ? ਵਾਹ ਮੇਰੇ ਸਿਕੀਲੱਧੇ, ਲਾਡਲੇ ਬਾਪ ਨੂੰ ਪ੍ਰਤੱਖ ਕਰਨ ਵਾਲੇ ਬੱਚੇ ਵਾਹ! ਬ੍ਰਹਮਾ ਬਾਪ ਹੁਣ ਬੱਚਿਆਂ ਕੋਲੋਂ ਕੀ ਸ਼ੁਭ ਆਸ਼ਾਵਾਂ ਰੱਖਦੇ ਹਨ, ਉਹ ਜਾਣਦੇ ਹੋ?

ਬਾਪ ਇਹ ਹੀ ਚਾਹੁੰਦੇ ਹਨ ਕਿ ਮੇਰਾ ਹਰ ਇੱਕ ਬੱਚਾ ਆਪਣੀ ਮੂਰਤ ਨਾਲ ਬਾਪ ਦੀ ਸੀਰਤ ਦਿਖਾਏ। ਸੂਰਤ ਵੱਖ - ਵੱਖ ਹੋਵੇ ਪਰ ਸਭਦੀ ਸੂਰਤ ਨਾਲ ਬਾਪ ਦੀ ਸੀਰਤ ਦਿਖਾਈ ਦਵੇ। ਜੋ ਵੀ ਦੇਖੇ, ਜੋ ਵੀ ਸੰਬੰਧ ਵਿੱਚ ਆਏ - ਉਹ ਤੁਹਾਨੂੰ ਦੇਖਕੇ ਆਪਣੇ ਆਪ ਨੂੰ ਭੁੱਲ ਜਾਏ, ਪਰ ਤੁਹਾਡੇ ਵਿੱਚ ਬਾਪ ਦਿਖਾਈ ਦਵੇ ਉਦੋ ਹੀ ਸਮੇਂ ਦੀ ਸਮਾਪਤੀ ਹੋਵੇਗੀ। ਸਭਦੇ ਦਿਲ ਵਿੱਚ ਇਹ ਆਵਾਜ਼ ਨਿਕਲੇ ਸਾਡਾ ਬਾਪ ਆ ਗਿਆ ਹੈ, ਮੇਰਾ ਬਾਪ ਹੈ। ਬ੍ਰਹਮਾਕੁਮਾਰੀਆਂ ਦਾ ਬਾਪ ਨਹੀਂ, ਮੇਰਾ ਬਾਪ ਹੈ। ਜਦੋਂ ਸਭ ਦੇ ਦਿਲ ਤੋਂ ਆਵਾਜ਼ ਨਿਕਲੇ ਕਿ ਮੇਰਾ ਬਾਪ ਹੈ, ਉਦੋਂ ਹੀ ਇਹ ਆਵਾਜ਼ ਚਾਰੋਂ ਪਾਸੇ ਨਗਾੜੇ ਦੇ ਮਾਫ਼ਿਕ ਗੂੰਜੇਗਾ। ਜੋ ਵੀ ਸਾਇੰਸ ਦੇ ਸਾਧਨ ਹਨ, ਉਹਨਾਂ ਸਾਧਨਾਂ ਵਿੱਚ ਇਹ ਨਗਾੜਾ ਵੱਜਦਾ ਰਹੇਗਾ - ਮੇਰਾ ਬਾਪ ਆ ਗਿਆ। ਹੁਣ ਜੋ ਵੀ ਕਰ ਰਹੇ ਹੋ, ਬਹੁਤ ਚੰਗਾ ਕੀਤਾ ਹੈ ਅਤੇ ਕਰ ਰਹੇ ਹੋ। ਪਰ ਹੁਣ ਸਭਦਾ ਇਕੱਠਾ ਨਗਾੜਾ ਵੱਜਣਾ ਹੈ। ਜਿੱਥੇ ਵੀ ਸੁਣੋਗੇ, ਇੱਕ ਹੀ ਆਵਾਜ਼ ਸੁਣੋਂਗੇ। ਆਉਣ ਵਾਲੇ ਆ ਗਏ - ਇਸਨੂੰ ਕਿਹਾ ਜਾਂਦਾ ਹੈ ਬਾਪ ਦੀ ਸੱਪਸ਼ਟ ਪ੍ਰਤਖਤਾ। ਹਾਲੇ ਨਾਮ ਪ੍ਰਸਿੱਧ ਹੋਇਆ ਹੈ। ਪਹਿਲਾ ਕਦਮ ਨਾਮ ਪ੍ਰਤੱਖ ਹੋਇਆ ਹੈ ਕਿ ਬ੍ਰਹਮਾਕੁਮਾਰੀਆਂ -ਬ੍ਰਹਮਾਕੁਮਾਰ ਚੰਗਾ ਕੰਮ ਕਰ ਰਹੇ ਹਨ। ਵਿਧਾਆਲਿਆ ਜਾਂ ਕੰਮ ਦੀ, ਨਾਲੇਜ ਦੀ ਹੁਣ ਮਹਿਮਾ ਕਰਦੇ ਹਨ, ਖੁਸ਼ ਹੁੰਦੇ ਹਨ। ਇਹ ਵੀ ਸਮਝਦੇ ਹਨ ਕਿ ਇਵੇਂ ਦਾ ਕੰਮ ਹੋਰ ਕੋਈ ਕਰ ਨਹੀਂ ਸਕਦਾ, ਇੰਨੇ ਤੱਕ ਪਹੁੰਚੇ ਹਨ। ਇਹ ਗੱਲ ਸਪੱਸ਼ਟ ਹੋਈ ਹੈ, ਚਾਰੋਂ ਪਾਸੇ ਇਸ ਗੱਲ ਦੀ ਮਹਿਮਾ ਹੈ। ਪਰ ਇਸ ਗੱਲ ਦਾ ਹੁਣ ਸਪਸ਼ਟੀਕਰਨ ਨਹੀਂ ਹੋਇਆ ਹੈ ਕਿ ਬਾਪਦਾਦਾ ਆ ਗਏ ਹਨ। ਹੁਣ ਥੋੜ੍ਹਾ - ਥੋੜ੍ਹਾ ਪਰਦਾ ਖੁੱਲਣ ਲੱਗਿਆ ਹੈ ਪਰ ਸਪੱਸ਼ਟ ਨਹੀਂ ਹੈ। ਜਾਣਦੇ ਵੀ ਹਨ ਕਿ ਇਹਨਾਂ ਦਾ ਬੈਕਬੋਨ ਕੋਈ ਅਥਾਰਿਟੀ ਹੈ ਪਰ ਉਹ ਹੀ ਬਾਪਦਾਦਾ ਹੈ ਅਤੇ ਸਾਨੂੰ ਵੀ ਬਾਪ ਕੋਲੋ ਵਰਸਾ ਲੈਣਾ ਹੈ, ਇਹ ਦੀਵਾਰ ਹੁਣ ਉਮੰਗ - ਉਤਸ਼ਾਹ ਵਿੱਚ ਅੱਗੇ ਆ ਰਹੀ ਹੈ, ਉਹ ਹੁਣ ਹੋਣਾ ਹੈ। ਇੱਕ ਕਦਮ ਉਠਾਉਦੇ ਹਨ, ਉਹ ਇੱਕ ਕਦਮ ਹੈ - ਸਹਿਯੋਗ ਦਾ। ਇੱਕ ਕਦਮ ਉੱਠਣ ਲੱਗਿਆ ਹੈ, ਸਹਿਯੋਗ ਦੇਣ ਦੀ ਪ੍ਰੇਰਣਾ ਅੰਦਰ ਆਉਣ ਲੱਗੀ ਹੈ, ਹੁਣ ਦੂਸਰਾ ਕਦਮ ਹੈ - ਖੁਦ ਵਰਸਾ ਲੈਣ ਦੀ ਉਮੰਗ ਵਿੱਚ ਆਏ। ਜਦੋਂ ਦੋਵੇ ਹੀ ਕਦਮ ਮਿਲ ਜਾਣਗੇ ਤਾਂ ਚਾਰੋਂ ਪਾਸੇ ਵਾਜੇ ਵੱਜਣਗੇ। ਕਿਹੜੇ ਵਾਜੇ? - ਮੇਰਾ ਬਾਬਾ। ਤੇਰਾ ਬਾਬਾ ਨਹੀਂ, ਮੇਰਾ ਬਾਬਾ। ਜਿਵੇਂ ਕੰਮ ਦੀ ਮਹਿਮਾ ਕਰਦੇ ਹਨ, ਇਵੇਂ ਕਰਨ -ਕਰਾਵਨਹਾਰ ਬਾਪ ਦੀ ਮਹਿਮਾ ਝੂਮ - ਝੂਮ ਕੇ ਗਾਉਣਗੇ। ਹੋਣੇ ਵਾਲਾ ਹੀ ਹੈ। ਤੁਹਾਨੂੰ ਵੀ ਇਹ ਨਜ਼ਾਰਾ ਅੱਖਾਂ ਦੇ ਸਾਹਮਣੇ ਦਿਲ ਵਿੱਚ, ਦਿਮਾਗ ਵਿੱਚ ਆ ਰਿਹਾ ਹੈ ਨਾ! ਕਿਉਂਕਿ ਬਾਪ ਅਤੇ ਦਾਦਾ ਆਏ ਹਨ - ਸਭ ਬੱਚਿਆਂ ਨੂੰ ਵਰਸਾ ਦੇਣ ਦੇ ਲਈ। ਭਾਵੇ ਮੁਕਤੀ ਦਾ, ਭਾਵੇਂ ਜੀਵਨਮੁਕਤੀ ਦਾ, ਪਰ ਵਰਸਾ ਮਿਲਣਾ ਜਰੂਰ ਹੈ। ਕੋਈ ਵੀ ਵੰਚਿਤ ਨਹੀਂ ਰਹੇਗਾ ਕਿਉਂਕਿ ਬਾਪ ਬੇਹੱਦ ਦਾ ਮਾਲਿਕ ਹੈ, ਬੇਹੱਦ ਦਾ ਬਾਪ ਹੈ। ਤਾਂ ਬੇਹੱਦ ਦਾ ਵਰਸਾ ਲੈਣਾ ਹੀ ਹੈ। ਭਾਵੇਂ ਯੋਗਬਲ ਨਾਲ ਆਪਣੇ ਜਨਮ - ਜਨਮ ਦੇ ਪਾਪ ਨਹੀਂ ਵੀ ਕੱਟ ਸਕਣ ਪਰ ਸਿਰਫ਼ ਇਤਨਾ ਵੀ ਜਾਣ ਲਿਆ ਕਿ ਬਾਪ ਆਏ ਹਨ, ਤਾਂ ਕੁਝ ਨਾ ਕੁਝ ਪਹਿਚਾਣ ਨਾਲ ਵਰਸੇ ਦੇ ਅਧਿਕਾਰੀ ਬਣ ਹੀ ਜਾਣਗੇ। ਤਾਂ ਜਿਵੇਂ ਬਾਪ ਨੂੰ ਬੇਹੱਦ ਦਾ ਵਰਸਾ ਦੇਣ ਦਾ ਸੰਕਲਪ ਹੈ ਅਤੇ ਨਿਸ਼ਚਿੰਤ ਹੋਣਾ ਹੀ ਹੈ। ਇਵੇਂ ਤੁਸੀਂ ਸਭਦੇ ਦਿਲ ਵਿੱਚ ਇਹ ਸ਼ੁਭ ਭਾਵਨਾ, ਸ਼ੁਭ ਕਾਮਨਾ ਪੈਦਾ ਹੁੰਦੀ ਹੈ ਕਿ ਸਾਡੇ ਸਭ ਭਰਾ - ਭੈਣ ਬੇਹੱਦ ਦੇ ਵਰਸੇ ਦੇ ਅਧਿਕਾਰੀ ਬਣ ਜਾਣ? ਤਾਂ ਇਹ ਸੁਭ ਭਾਵਨਾ ਅਤੇ ਸ਼ੁਭ ਕਾਮਨਾ ਕਦੋਂ ਤੱਕ ਪ੍ਰਤੱਖ ਰੂਪ ਵਿੱਚ ਕਰਨਗੇ? ਉਸਦੀ ਡੇਟ ਪਹਿਲੇ ਤੋਂ ਆਪਣੇ ਦਿਲ ਵਿੱਚ ਫਿਕਸ ਕਰੋ, ਸੰਗਠਨ ਤੋਂ ਪਹਿਲੇ ਦਿਲ ਵਿੱਚ ਕਰੋ ਫਿਰ ਸੰਗਠਨ ਵਿੱਚ ਕਰੋ ਤਾਂ ਵਿਨਾਸ਼ ਦੀ ਡੇਟ ਆਪੇ ਹੀ ਸਪੱਸ਼ਟ ਹੋ ਜਾਏਗੀ ਉਸਦੀ ਚਿੰਤਾ ਨਹੀਂ ਕਰੋ। ਰਹਿਮ ਆਉਂਦਾ ਹੈ ਇਸ ਮੌਜ ਵਿੱਚ ਰਹਿੰਦੇ ਹੋ ਕਿ ਅਸੀਂ ਤਾਂ ਅਧਿਕਾਰੀ ਬਣ ਗਏ? ਮੌਜ ਵਿੱਚ ਰਹੋ, ਇਹ ਤਾਂ ਬਹੁਤ ਵਧੀਆ ਹੈ ਪਰ ਰਹਿਮਦਿਲ ਬਾਪ ਦੇ ਬੱਚੇ ਹੁਣ ਬੇਹੱਦ ਤੇ ਰਹਿਮ ਕਰੋ। ਜਦੋਂ ਦੂਸਰਿਆਂ ਤੇ ਰਹਿਮ ਆਏਗਾ ਤਾਂ ਆਪਣੇ ਉੱਪਰ ਰਹਿਮ ਪਹਿਲੇ ਆਏਗਾ, ਫਿਰ ਜੋ ਇੱਕ ਹੀ ਛੋਟੀ ਜਿਹੀ ਗੱਲ ਤੇ ਤੁਹਾਨੂੰ ਪੁਰਸ਼ਾਰਥ ਕਰਨਾ ਪੈਂਦਾ ਹੈ, ਉਹ ਕਰਨ ਦੀ ਜਰੂਰਤ ਨਹੀਂ ਹੋਵੇਗੀ। ਮਾਸਟਰ ਰਹਿਮਦਿਲ, ਮਾਸਟਰ ਦਿਆਲੂ, ਮਰਸੀਫੁੱਲ ਬਣ ਜਾਓ। ਇਸ ਗੁਣ ਨੂੰ ਇਮਰਜ ਕਰੋ। ਤਾਂ ਹੋਰਾਂ ਦੇ ਉਪਰ ਰਹਿਮ ਕਰਨ

ਨਾਲ ਆਪਣੇ ਤੇ ਰਹਿਮ ਆਪੇਹੀ ਆਏਗਾ।

ਬਾਪਦਾਦਾ ਨੇ ਪਹਿਲੇ ਵੀ ਸੁਣਾਇਆ ਹੈ ਕਿ ਬਾਪ - ਦਾਦਾ ਨੂੰ ਬੱਚਿਆਂ ਦੀ ਕਿਹੜੀ ਗੱਲ ਚੰਗੀ ਨਹੀਂ ਲੱਗਦੀ ਹੈ, ਜਾਣਦੇ ਹੋ? ਬਾਪਦਾਦਾ ਨੂੰ ਬੱਚਿਆਂ ਦਾ ਮਿਹਨਤ ਕਰਨਾ ਅਤੇ ਬਾਰ -ਬਾਰ ਯੁੱਧ ਕਰਨਾ, ਇਹ ਚੰਗਾ ਨਹੀਂ ਲੱਗਦਾ ਹੈ। ਬਾਪ ਕਹਿੰਦੇ ਵੀ ਹਨ - ਹੇ ਮੇਰੇ ਯੋਗੀ ਬੱਚੇ, ਯੋਧੇ ਬੱਚੇ ਨਹੀਂ ਕਹਿੰਦੇ ਹਨ, ਯੋਗੀ ਬੱਚੇ। ਤਾਂ ਯੋਗੀ ਬੱਚਿਆਂ ਦਾ ਕੀ ਕੰਮ ਹੈ? ਯੁੱਧ ਕਰਨਾ। ਯੁੱਧ ਕਰਨਾ ਚੰਗਾ ਲੱਗਦਾ ਹੈ? ਪ੍ਰੇਸ਼ਾਨ ਵੀ ਹੁੰਦੇ ਹੋ ਅਤੇ ਫਿਰ ਯੁੱਧ ਵੀ ਕਰਦੇ ਹੋ। ਅੱਜ ਪ੍ਰਤਿਗਿਆ ਕਰਦੇ ਹੋ ਕਿ ਯੁੱਧ ਨਹੀਂ ਕਰਾਂਗੇ ਅਤੇ ਕੁਝ ਸਮੇਂ ਬਾਅਦ ਫਿਰ ਯੋਗੀ ਦੀ ਬਜਾਏ ਯੋਧੇ ਬਣ ਜਾਂਦੇ ਹੋ। ਇਹ ਕਿਉਂ? ਬਾਪਦਾਦਾ ਸਮਝਦੇ ਹਨ ਕਿ ਬੱਚਿਆਂ ਨੂੰ ਯੋਗ ਨਾਲ ਪਿਆਰ ਘਟ ਹੈ, ਯੁੱਧ ਨਾਲ ਪਿਆਰ ਜ਼ਿਆਦਾ ਹੈ। ਤਾਂ ਅੱਜ ਤੋਂ ਕੀ ਕਰੋਂਗੇ? ਯੋਧੇ ਬਣੋਗੇ ਜਾਂ ਨਿਰੰਤਰ ਯੋਗੀ ਬਣੋਂਗੇ?

ਬਾਪਦਾਦਾ ਨੇ ਦੇਖਿਆ - ਕਿੰਨੀ 18 ਜਨਵਰੀ ਵੀ ਬੀਤ ਗਈ! ਅਤੇ ਵਿਸ਼ੇਸ਼ ਬ੍ਰਹਮਾ ਬਾਪ ਤੁਸੀਂ ਬੱਚਿਆਂ ਦਾ ਆਹਵਾਨ ਕਰ ਰਿਹਾ ਹੈ ਕਿ ਮੇਰੇ ਬੱਚੇ ਸਮਾਨ ਬਣ ਵਤਨ ਵਿੱਚ ਆ ਜਾਓ। ਵਤਨ ਚੰਗਾ ਨਹੀਂ ਲੱਗਦਾ? ਕੀ ਯੁੱਧ ਕਰਨਾ ਹੀ ਚੰਗਾ ਲੱਗਦਾ ਹੈ? ਯੁੱਧ ਨਹੀ ਕਰੋ। ਅੱਜ ਤੋਂ ਯੁੱਧ ਕਰਨਾ ਬੰਦ ਕਰੋ। ਕਰ ਸਕਦੇ ਹੋ? ਬੋਲੋ ਹਾਂ ਜੀ। ਫਿਰ ਉੱਥੇ ਜਾਕੇ ਪੱਤਰ ਨਹੀਂ ਲਿਖਣਾ ਕਿ ਮਾਇਆ ਆ ਗਈ, ਯੁੱਧ ਕਰਕੇ ਭਜਾ ਦਿੱਤਾ। ਕਿਸੇ ਨੂੰ ਆਪਣੀ ਮਾਇਆ ਆਉਂਦੀ ਹੈ ਅਤੇ ਕਿਸੇ -ਕਿਸੇ ਨੂੰ ਦੂਸਰੇ ਦੀ ਮਾਇਆ ਨੂੰ ਦੇਖ ਖੁਦ ਮਾਇਆ ਦੇ ਅਸਰ ਵਿੱਚ ਆ ਜਾਂਦੇ ਹਨ। ਇਹ ਕਿਉਂ, ਇਹ ਕੀ ….ਇਹ ਦੂਸਰਿਆਂ ਦੀ ਮਾਇਆ ਆਪਣੇ ਅੰਦਰ ਲੈ ਆਉਂਦੇ ਹਨ। ਇਹ ਵੀ ਨਹੀਂ ਕਰਨਾ। ਮਾਇਆ ਤੋਂ ਛੁਡਾਉਣਾ ਬਾਪ ਦਾ ਕੰਮ ਹੈ, ਤੁਸੀਂ ਖੁਦ ਦੇ ਪੁਰਸ਼ਾਰਥ ਵਿੱਚ ਤੀਵ੍ਰ ਬਣੋ, ਤਾਂ ਤੁਹਾਡੇ ਵਾਈਬ੍ਰੇਸ਼ਨ ਨਾਲ, ਵ੍ਰਿਤੀ ਨਾਲ, ਸ਼ੁਭ ਭਾਵਨਾ ਨਾਲ ਦੂਸਰੇ ਦੀ ਮਾਇਆ ਸਹਿਜ ਭੱਜ ਜਾਏਗੀ। ਜੇਕਰ ਕਿਉਂ, ਕੀ ਵਿੱਚ ਜਾਓਗੇ, ਤਾਂ ਨਾ ਤੁਹਾਡੀ ਮਾਇਆ ਜਾਏਗੀ ਨਾ ਦੂਸਰੇ ਦੀ ਜਾਏਗੀ ਇਸਲਈ ਜਿਵੇਂ ਨਵੇਂ ਵਰ੍ਹੇ ਵਿੱਚ ਪੁਰਾਣੇ ਵਰ੍ਹੇ ਨੂੰ ਵਿਦਾਈ ਦਿੱਤੀ। ਹੁਣ 96 ਨਹੀਂ ਕਹਾਂਗੇ, 97 ਕਹਾਂਗੇ ਨਾ! ਜੇਕਰ ਕੋਈ ਗਲਤੀ ਨਾਲ ਕਹਿ ਦਵੇ ਤਾਂ ਤੁਸੀਂ ਕਹੋਗੇ 96 ਨਹੀਂ ਹੈ, 97 ਹੈ। ਇਵੇਂ ਅੱਜ ਕਿਉਂ - ਕੀ, ਇਵੇਂ - ਉਵੇਂ, ਇਹਨਾਂ ਸ਼ਬਦਾ ਨੂੰ ਵਿਦਾਈ ਦੇ ਦਵੋ। ਕਵੇਸ਼ਚਨ ਮਾਰਕ ਨਹੀਂ ਕਰੋ। ਬਿੰਦੀ ਲਗਾਓ, ਨਹੀਂ ਤਾਂ ਕਵੇਸ਼ਚਨ ਮਾਰਕ ਹੋਇਆ ਅਤੇ ਵਿਅਰਥ ਦਾ ਖਾਤਾ ਸ਼ੁਰੂ ਹੋਇਆ। ਅਤੇ ਜਦੋਂ ਵਿਅਰਥ ਦਾ ਖਾਤਾ ਸ਼ੁਰੂ ਹੋ ਜਾਂਦਾ ਹੈ ਤਾਂ ਸਮਰਥੀ ਸਮਾਪਤ ਹੋ ਜਾਂਦੀ ਹੈ। ਅਤੇ ਜਿੱਥੇ ਸਮਰਥੀ ਸਮਾਪਤ ਹੋਈ, ਉੱਥੇ ਮਾਇਆ ਵੱਖ - ਵੱਖ ਰੂਪ ਨਾਲ, ਵੱਖ - ਵੱਖ ਸਰਕਮਸਟਾਨਸ਼ ਨਾਲ ਤੁਹਾਡਾ ਗ੍ਰਾਹਕ ਬਣਾ ਦਿੰਦੀ ਹੈ। ਫਿਰ ਕੀ ਬਣ ਜਾਂਦੇ? ਯੋਗੀ ਜਾਂ ਯੋਧੇ? ਯੋਧੇ ਨਹੀਂ ਬਣਨਾ। ਪੱਕਾ ਪ੍ਰੋਮਿਸ ਕੀਤਾ? ਜਾਂ ਬਾਪਦਾਦਾ ਕਹਿੰਦੇ ਹਨ ਤਾਂ ਹਾਂ ਕੀਤਾ? ਪੱਕਾ ਕੀਤਾ? ਬਾਹਰ ਜਦੋਂ ਆਪਣੇ ਦੇਸ਼ ਵਿੱਚ ਜਾਓਗੇ ਤਾਂ ਥੋੜਾ ਕੱਚਾ ਹੋਵੇਗਾ? ਸ਼ਕਤੀਆਂ ਕੀ ਕਹਿੰਦੀਆਂ ਹਨ? ਹੋਵੇਗਾ ਜਾਂ ਨਹੀਂ? ਸਭ ਹਾਂ ਨਹੀਂ ਕਰਦੇ, ਮਾਨਾ ਥੋੜਾ ਆਪਣੇ ਵਿੱਚ ਸ਼ਕ ਹੈ। (ਸਭਨੇ ਹਾਂ ਜੀ ਕਿਹਾ) ਦੇਖਣਾ ਟੀ.ਵੀ, ਵਿੱਚ ਫ਼ੋਟੋ ਨਿਕਲ ਰਿਹਾ ਹੈ! ਫਿਰ ਬਾਪਦਾਦਾ ਟੀ.ਵੀ, ਦੀ ਕੈਸੇਟ ਭੇਜਣਗੇ ਕਿਉਂਕਿ ਬਾਪਦਾਦਾ ਹਰ ਬੱਚੇ ਨਾਲ - ਭਾਵੇਂ ਨਵੇਂ ਹਨ, ਭਾਵੇਂ ਪੁਰਾਣੇ ਹਨ ਪਰ ਜਿਸ ਨੇ ਦਿਲ ਤੋਂ ਕਿਹਾ ਮੇਰਾ ਬਾਬਾ, ਸਿਰਫ਼ ਕਿਹਾ ਨਹੀਂ ਪਰ ਮੰਨਿਆ ਅਤੇ ਮੰਨਕੇ ਚਲ ਰਹੇ ਹਨ, ਉਸ ਇੱਕ -ਇੱਕ ਦੇ ਨਾਲ ਬਾਪ ਦਾ ਦਿਲ ਦਾ ਪਿਆਰ ਹੈ, ਕਹਿਣ ਵਾਲਾ ਪਿਆਰ ਨਹੀਂ।

ਬਾਪਦਾਦਾ ਬਹੁਤ ਬੱਚਿਆਂ ਦੀ ਰੰਗਤ ਦੇਖਦੇ ਹਨ -ਅੱਜ ਕਹਿਣਗੇ ਬਾਬਾ, ਓ ਮੇਰੇ ਬਾਬਾ, ਓ ਮਿੱਠਾ ਬਾਬਾ, ਕੀ ਕਹਾ ਕੀ ਨਹੀਂ ਕਹਾ… ਤੁਸੀਂ ਹੀ ਮੇਰਾ ਸੰਸ਼ਾਰ ਹੋ, ਬਹੁਤ ਮਿੱਠੀਆਂ - ਮਿੱਠੀਆਂ ਗੱਲਾਂ ਕਰਦੇ ਹਨ ਅਤੇ ਦੋ ਚਾਰ ਘੰਟੇ ਬਾਅਦ ਜੇਕਰ ਕੋਈ ਗੱਲ ਆ ਗਈ ਤਾਂ ਭੂਤ ਆ ਜਾਂਦਾ ਹੈ। ਗੱਲ ਨਹੀਂ ਆਉਂਦੀ, ਭੂਤ ਆਉਂਦਾ ਹੈ। ਬਾਪਦਾਦਾ ਦੇ ਕੋਲ ਸਭ ਦਾ ਭੂਤ ਵਾਲਾ ਫੋਟੋ ਵੀ ਹੈ। ਦੇਖੋ, ਇੱਕ ਯਾਦਗਰ ਵੀ ਭੂਤਨਾਥ ਦਾ ਹੈ। ਤਾਂ ਭੂਤਾਂ ਨੂੰ ਵੀ ਬਾਪਦਾਦਾ ਵੇਖਦੇ ਹਨ- ਕਿੱਥੋਂ ਆਇਆ, ਕਿਵੇਂ ਆਇਆ ਅਤੇ ਕਿਵੇਂ ਭਜਾ ਰਹੇ ਹਨ। ਇਹ ਖੇਲ ਵੀ ਵੇਖਦੇ ਰਹਿੰਦੇ ਹਨ। ਕੋਈ ਤਾਂ ਘਬਰਾਕੇ ਦਿਲਸ਼ਿਕਸ਼ਤ ਵੀ ਹੋ ਜਾਂਦੇ ਹਨ। ਫਿਰ ਬਾਪਦਾਦਾ ਨੂੰ ਇਹ ਹੀ ਸ਼ੁਭ ਸੰਕਲਪ ਆਉਂਦਾ ਹੈ ਕਿ ਇਨ੍ਹਾਂ ਨੂੰ ਕਿਸੇ ਦਵਾਰਾ ਸੰਜੀਵਨੀ ਬੂਟੀ ਖਵਾਕੇ ਸੁਰਜਿਤ ਕਰੀਏ ਲੇਕਿਨ ਉਹ ਮੂਰਛਾ ਵਿੱਚ ਇੰਨੇ ਮਸਤ ਹੁੰਦੇ ਹਨ ਜੋ ਸੰਜੀਵਨੀ ਬੂਟੀ ਨੂੰ ਵੇਖਦੇ ਹੀ ਨਹੀਂ ਹਨ। ਇਵੇਂ ਨਹੀਂ ਕਰਨਾ। ਸਾਰਾ ਹੋਸ਼ ਨਹੀਂ ਗਵਾਉਣਾ, ਥੋੜ੍ਹਾ ਰੱਖਣਾ ਹੈ। ਥੋੜ੍ਹਾ ਵੀ ਹੋਸ਼ ਹੋਵੇਗਾ ਨਾ ਤਾਂ ਬਚ ਜਾਵੋਗੇ।

ਬਾਪਦਾਦਾ ਨੇ ਪਹਿਲੇ ਵੀ ਸੁਣਾਇਆ ਹੈ ਕਿ ਉਸ ਫਾਈਨਲ ਪੜਾਈ ਵਿੱਚ ਹਰ ਇੱਕ ਬੱਚੇ ਨੂੰ ਤਿੰਨ ਸਰਟੀਫਿਕੇਟ ਲੈਣੇ ਹਨ - ਇੱਕ ਖੁਦ, ਖੁਦ ਤੋਂ ਸੰਤੁਸ਼ਟ - ਇਹ ਸਰਟੀਫਿਕੇਟ ਅਤੇ ਦੂਸਰਾ ਬਾਪਦਾਦਾ ਦਵਾਰਾ ਸਰਟੀਫੀਕੇਟ ਅਤੇ ਤੀਸਰਾ ਪਰਿਵਾਰ ਦੇ ਸੰਬੰਧ - ਸੰਪਰਕ ਵਿੱਚ ਆਉਣ ਵਾਲਿਆਂ ਦਵਾਰਾ ਸਰਟੀਫੀਕੇਟ। ਇਹ ਤਿੰਨ ਸਰਟੀਫਿਕੇਟ ਜਦੋਂ ਮਿਲਣ ਤਾਂ ਸਮਝੋ ਪੜਾਈ ਪੂਰੀ ਹੋਈ। ਇਵੇਂ ਨਹੀਂ ਸਮਝਣਾ ਕਿ ਬਾਪਦਾਦਾ ਤੇ ਸਾਡੇ ਤੋਂ ਸੰਤੁਸ਼ਟ ਹਨ। ਲੇਕਿਨ ਤਿੰਨੋਂ ਹੀ ਸਰਟੀਫਿਕੇਟ ਚਾਹੀਦੇ ਹਨ, ਇੱਕ ਨਹੀਂ ਚੱਲੇਗਾ। ਤਾਂ ਚੈਕ ਕਰੋ ਤਿੰਨ ਸਰਟੀਫਿਕੇਟ ਵਿੱਚੋ ਕਿੰਨੇ ਸਰਟੀਫਿਕੇਟ ਮਿਲੇ ਹਨ? ਬਾਪ ਦੇ ਬਿਨਾਂ ਵੀ ਕੁਝ ਨਹੀਂ ਮਿਲਦਾ। ਲੇਕਿਨ ਪਰਿਵਾਰ ਦੀ ਸੰਤੁਸ਼ਟਤਾ ਦਾ ਸਰਟੀਫਿਕੇਟ ਇਸ ਨਾਲ ਵੀ ਬਹੁਤ ਕੁਝ ਮਿਲਦਾ ਹੈ। ਪਰਿਵਾਰ ਦੀ ਜਿੰਨੀਆਂ ਆਤਮਾਵਾਂ ਤੋਂ ਸਰਟੀਫਿਕੇਟ ਜਿਸਨੂੰ ਮਿਲਦਾ ਹੈ, ਜਿੰਨੇ ਬ੍ਰਾਹਮਣ ਸੰਤੁਸ਼ਟ ਹਨ ਉਣੇਂ ਹੀ ਭਗਤ ਵੀ ਤੁਹਾਡੀ ਪੂਜਾ ਸੰਤੁਸ਼ਟਤਾ ਨਾਲ ਕਰਨਗੇ, ਕੰਮ ਚਲਾਊ ਨਹੀਂ, ਦਿਲ ਨਾਲ ਕਰਨਗੇ। ਤਾਂ ਇੱਥੇ ਬ੍ਰਾਹਮਣ ਜੀਵਨ ਵਿਚ ਜਿੰਨੇਂ ਬ੍ਰਾਹਮਣਾਂ ਦਾ ਤੁਹਾਡੇ ਪ੍ਰਤੀ ਸਨੇਹ ਹੈ, ਸਨਮਾਨ ਅਤੇ ਰਿਗਾਰਡ ਹੋਵੇਗਾ, ਦਿਲ ਤੋਂ ਸੰਤੁਸ਼ਟ ਹੋਣਗੇ, ਓਨਾ ਹੀ ਪੂਜਯ ਬਣਨਗੇ। ਪੂਜਯ ਦੇ ਲਈ ਸਨੇਹ ਅਤੇ ਸਮਾਨ ਹੁੰਦਾ ਹੈ। ਤਾਂ ਜਦੋਂ ਜਦੋਂ ਜੜ੍ਹ ਚਿਤਰਾਂ ਦੀ

ਪੂਜਾ ਹੋਵੇਗੀ, ਉਦੋਂ ਇਨਾ ਹੀ ਸਨੇਹ ਅਤੇ ਰਿਗਾਰ੍ਡ ਮਿਲੇਗਾ। ਸਾਰੇ ਕਲਪ ਦੀ ਪ੍ਰਾਲਬੱਧ ਹੁਣ ਬਣਾਉਣੀ ਹੈ। ਸਿਰਫ ਅੱਧਾਕਲਪ ਰਾਜ ਦੀ ਪ੍ਰਾਲਬੱਧ ਨਹੀਂ, ਪੂਜਯ ਦੀ ਪ੍ਰਾਲਬੱਧ ਵੀ ਹੁਣ ਬਣਦੀ ਹੈ। ਇਵੇਂ ਨਹੀਂ ਸਮਝੋ - ਸਾਡਾ ਤਾਂ ਬਾਪ ਨਾਲ ਹੀ ਕੰਮ ਚਲ ਜਾਏਗਾ। ਨਹੀਂ। ਬਾਪ ਦੇ ਪਰਿਵਾਰ ਨਾਲ ਕਿੰਨਾ ਪਿਆਰ ਹੈ। ਤਾਂ ਫਾਲੋ ਫ਼ਾਦਰ ਕਰੋ। ਬ੍ਰਹਮਾ ਬਾਪ ਨੂੰ ਦੇਖਿਆ, ਕਿਵੇਂ ਦਾ ਵੀ ਬੱਚਾ ਹੋਵੇ, ਸਿੱਖਿਆਦਾਤਾ ਬਣ ਸਿੱਖਿਆ ਵੀ ਦਿੰਦੇ ਪਰ ਸਿੱਖਿਆ ਦੇ ਨਾਲ ਪਿਆਰ ਵੀ ਦਿਲ ਵਿੱਚ ਰੱਖਦੇ। ਅਤੇ ਪਿਆਰ ਕੋਈ ਬਾਹਾਂ ਦਾ ਨਹੀਂ, ਪਰ ਪਿਆਰ ਦੀ ਨਿਸ਼ਾਨੀ ਹੈ - ਆਪਣੀ ਸ਼ੁਭ ਭਾਵਨਾ ਨਾਲ, ਸ਼ੁਭ ਕਾਮਨਾਂ ਨਾਲ ਕਿਵੇਂ ਦੀ ਵੀ ਮਾਇਆ ਦੇ ਵਸ਼ ਆਤਮਾ ਨੂੰ ਪਰੀਵਰਤਨ ਕਰਨਾ। ਕੋਈ ਵੀ ਹੈ. ਕਿਵੇਂ ਵੀ ਹੈ, ਘ੍ਰਿਣਾ ਭਾਵ ਨਹੀਂ ਆਏ, ਇਹ ਤਾਂ ਬਦਲਣ ਵਾਲੇ ਹੀ ਨਹੀਂ ਹਨ, ਇਹ ਤਾਂ ਹੈ ਹੀ ਇਵੇ। ਨਹੀਂ। ਹੁਣ ਜਰੂਰਤ ਹੈ ਰਹਿਮਦਿਲ ਬਣਨ ਦੀ ਕਿਉਂਕਿ ਕੀ ਬੱਚੇ ਕਮਜ਼ੋਰ ਹੋਣ ਦੇ ਕਾਰਣ ਆਪਣੀ ਸ਼ਕਤੀ ਨਾਲ ਕੋਈ ਵੱਡੀ ਸਮੱਸਿਆ ਤੋਂ ਪਾਰ ਨਹੀਂ ਹੋ ਸਕਦੇ, ਤਾਂ ਤੁਸੀਂ ਸਹਿਯੋਗੀ ਬਣੋ। ਕਿਸਨਾਲ? ਸਿਰਫ਼ ਸਿੱਖਿਆ ਨਾਲ ਨਹੀਂ, ਅੱਜਕਲ ਸਿੱਖਿਆ, ਸਿਵਾਏ ਪਿਆਰ ਜਾਂ ਸ਼ੁਭ ਭਾਵਨਾ ਦੇ ਕੋਈ ਨਹੀਂ ਸੁਣ ਸਕਦਾ। ਇਹ ਤਾਂ ਫਾਈਨਲ ਰਿਜ਼ਲਟ ਹੈ, ਸਿੱਖਿਆ ਕੰਮ ਨਹੀਂ ਕਰਦੀ ਪਰ ਸਿੱਖਿਆ ਦੇ ਨਾਲ ਸ਼ੁਭ ਭਾਵਨਾ, ਰਹਿਮਦਿਲ ਇਹ ਸਹਿਜ ਕੰਮ ਕਰਦਾ ਹੈ। ਜਿਵੇਂ ਬ੍ਰਹਮਾ ਬਾਪ ਨੇ ਦੇਖਿਆ, ਪਤਾ ਵੀ ਹੁੰਦਾ ਹੈ ਅੱਜ ਇਸ ਬੱਚੇ ਨੇ ਭੁੱਲ ਕੀਤੀ ਹੈ, ਤਾਂ ਵੀ ਉਸ ਬੱਚੇ ਨੂੰ ਸਿੱਖਿਆ ਵੀ ਤਰੀਕੇ ਨਾਲ, ਯੁਕਤੀ ਨਾਲ ਦਿੰਦਾ ਅਤੇ ਫਿਰ ਉਸਨੂੰ ਬਹੁਤ ਪਿਆਰ ਕਰਦਾ, ਜਿਸਨਾਲ ਉਹ ਸਮਝ ਜਾਂਦੇ ਕਿ ਬਾਬਾ ਦਾ ਪਿਆਰ ਹੈ ਅਤੇ ਪਿਆਰ ਵਿੱਚ ਗਲਤੀ ਦੇ ਮਹਿਸੂਸ਼ਤਾ ਦੀ ਸ਼ਕਤੀ ਉਸ ਵਿੱਚ ਆ ਜਾਂਦੀ। ਤਾਂ ਬ੍ਰਹਮਾ ਬਾਪ ਨੂੰ ਅੱਜ ਬਹੁਤ ਯਾਦ ਕੀਤਾ ਨਾ! ਤਾਂ ਫਾਲੋ ਫਾਦਰ। ਬਾਪ ਸਮਾਨ ਬਣਨ ਦੀ ਹਿੰਮਤ ਹੈ? ਮੁਬਾਰਕ ਹੋ ਹਿੰਮਤ ਦੀ। ਬਾਪਦਾਦਾ ਤੁਹਾਡੇ ਦਿਲ ਦੀਆਂ ਤਾਲੀਆਂ ਪਹਿਲੇ ਹੀ ਸੁਣ ਲੈਂਦਾ ਹੈ। ਤੁਸੀਂ ਖੁਸ਼ੀ ਨਾਲ ਤਾਲੀਆਂ ਵਜਾਉਂਦੇ ਹੋ ਪਰ ਬਾਪ ਨੂੰ ਦਿਲ ਦੀਆਂ ਤਾਲੀਆਂ ਪਹਿਲੇ ਪਹੁੰਚਦੀਆਂ ਹਨ।

ਬਾਪਦਾਦਾ ਵੀ ਹੱਸੀ ਦੀ ਗੱਲ ਸੁਣਾਉਂਦੇ ਹਨ। ਬ੍ਰਹਮਾ ਬਾਬਾ ਦੀ ਰੂਹਰਿਹਾਨ ਚੱਲੀ। ਤਾਂ ਬ੍ਰਹਮਾ ਬਾਪ ਕਹਿੰਦੇ ਹਨ ਕਿ ਮੈਨੂੰ ਇੱਕ ਗੱਲ ਦੇ ਲਈ ਡੇਟ - ਕੰਸ਼ੀਅਸ਼ਨੇਸ ਹੈ। ਬੱਚਿਆਂ ਨੂੰ ਤਾਂ ਕਹਿੰਦੇ ਹਨ ਡੇਟ - ਕਾਂਸ਼ੀਅਸ ਨਹੀਂ ਬਣੋ ਪਰ ਬ੍ਰਹਮਾ ਬਾਪ ਇੱਕ ਗੱਲ ਵਿੱਚ ਡੇਟ - ਕੰਸ਼ੀਅਸ ਹਨ, ਕਿਹੜੀ ਡੇਟ? ਕਿ ਕਦੋਂ ਮੇਰਾ ਇੱਕ - ਇੱਕ ਬੱਚਾ ਜੀਵਨ ਮੁਕਤ ਬਣ ਜਾਵੇ। ਇਵੇਂ ਨਹੀਂ ਸਮਝਣਾ ਕਿ ਅੰਤ ਵਿੱਚ ਜੀਵਨਮੁਕਤ ਬਣਾਂਗੇ, ਨਹੀਂ। ਬਹੁਤਕਾਲ ਤੋਂ ਜੀਵਨਮੁਕਤ ਸਥਿਤੀ ਦਾ ਅਭਿਆਸ, ਬਹੁਤਕਾਲ ਜੀਵਨਮੁਕਤ ਰਾਜ ਭਾਗ ਦਾ ਅਧਿਕਾਰੀ ਬਣਾਏਗਾ। ਉਸਦੇ ਪਹਿਲੇ ਜਦੋਂ ਤੁਸੀਂ ਹੁਣ ਜੀਵਨਮੁਕਤ ਬਣੋ ਤਾਂ ਤੁਸੀਂ ਜੀਵਨਮੁਕਤ ਸਥਿਤੀ ਵਾਲਿਆਂ ਦਾ ਪ੍ਰਭਾਵ ਜੀਵਨਬੰਧ ਵਾਲੀ ਆਤਮਾਵਾਂ ਦਾ ਬੰਧੰਨ ਸਮਾਪਤ ਕਰੇਗਾ। ਤਾਂ ਇਹ ਸੇਵਾ ਨਹੀਂ ਕਰਨੀ ਹੈ ਕੀ? ਕਰਨੀ ਹੈ ਨਾ! ਤਾਂ ਤੁਸੀਂ ਬ੍ਰਹਮਾ ਬਾਪ ਨੂੰ ਡੇਟ ਕੰਸ਼ੀਅਸ ਦਾ ਜਵਾਬ ਦਵੋ। ਉਹ ਡੇਟ ਕਦੋਂ ਹੋਵੇਗੀ ਜਦੋਂ ਸਭ ਜੀਵਨਮੁਕਤ ਹੋਣ? ਕੋਈ ਬੰਧੰਨ ਨਹੀਂ। ਬੰਧੰਨਾ ਦੀ ਲੰਬੀ ਲਿਸਟ ਵਰਨਣ ਕਰਦੇ ਹੋ, ਕਲਾਸੇਜ ਕਰਾਉਂਦੇ ਹੋ ਤਾਂ ਬੰਧੰਨਾ ਦੀ ਵੱਡੀ ਲੰਬੀ ਲਿਸਟ ਨਿਕਾਲਦੇ ਹੋ ਪਰ ਬਾਪ ਕਹਿੰਦੇ ਹਨ ਸਭ ਬੰਧੰਨਾ ਵਿੱਚ ਪਹਿਲਾ ਇੱਕ ਬੰਧੰਨ ਹੈ - ਦੇਹ ਭਾਨ ਦਾ ਬੰਧੰਨ। ਉਸ ਤੋਂ ਮੁਕਤ ਬਣੋ। ਦੇਹ ਨਹੀਂ ਤਾਂ ਦੂਸਰੇ ਬੰਧੰਨ ਖੁਦ ਹੀ ਖ਼ਤਮ ਹੋ ਜਾਣਗੇ। ਆਪਣੇ ਨੂੰ ਵਰਤਮਾਨ ਸਮੇਂ ਮੈਂ ਟੀਚਰ ਹਾਂ, ਮੈਂ ਸਟੂਡੈਂਟ ਹਾਂ, ਮੈਂ ਸੇਵਾਧਾਰੀ ਹਾਂ, ਇਹ ਸਮਝਣ ਦੀ ਬਜਾਏ ਅੰਮ੍ਰਿਤਵੇਲੇ ਤੋਂ ਇਹ ਅਭਿਆਸ ਕਰੋ ਕਿ ਮੈਂ ਸ਼੍ਰੇਸ਼ਠ ਆਤਮਾ ਉਪਰ ਤੋਂ ਆਈ ਹਾਂ - ਇਸ ਪੁਰਾਣੀ ਦੁਨੀਆਂ ਵਿੱਚ, ਪੁਰਾਣੇ ਸ਼ਰੀਰ ਵਿੱਚ ਸੇਵਾ ਦੇ ਲਈ। ਮੈਂ ਆਤਮਾ ਹਾਂ -ਇਹ ਪਾਠ ਹੁਣ ਹੋਰ ਪੱਕਾ ਕਰੋ। ਤੁਸੀਂ ਆਤਮਾ ਦਾ ਭਾਨ ਵੀ ਧਾਰਨ ਕਰੋ ਤਾਂ ਇਹ ਆਤਮਿਕ ਭਾਨ, ਮਾਇਆ ਦੇ ਭਾਨ ਨੂੰ ਸਦਾ ਦੇ ਲਈ ਸਮਾਪਤ ਕਰ ਦਵੇਗਾ। ਪਰ ਆਤਮਾ ਦਾ ਭਾਨ - ਇਹ ਹੁਣ ਚਲਦੇ - ਫਿਰਦੇ ਸਮ੍ਰਿਤੀ ਵਿੱਚ ਰਹੇ, ਉਹ ਹੁਣ ਹੋਰ ਹੋਣਾ ਚਾਹੀਦਾ ਹੈ। ਬ੍ਰਹਮਾ ਬਾਪ ਨੇ ਆਤਮਾ ਦਾ ਪਾਠ ਆਦਿ ਤੋਂ ਕਿੰਨਾ ਪੱਕਾ ਕੀਤਾ! ਦੀਵਾਰਾਂ ਤੇ ਵੀ ਮੈਂ ਆਤਮਾ ਹਾਂ, ਪਰਿਵਾਰ ਵਾਲੇ ਆਤਮਾ ਹਨ, ਇੱਕ - ਇੱਕ ਦੇ ਨਾਮ ਨਾਲ ਦੀਵਾਰਾਂ ਵਿੱਚ ਵੀ ਇਹ ਪਾਠ ਪੱਕਾ ਕੀਤਾ। ਡਾਇਰੀਆ ਭਰ ਦਿੱਤੀਆਂ - ਮੈਂ ਆਤਮਾ ਹਾਂ, ਇਹ ਵੀ ਆਤਮਾ ਹੈ, ਇਹ ਵੀ ਆਤਮਾ ਹੈ। ਤੁਸੀਂ ਆਤਮਾ ਦਾ ਪਾਠ ਇਨ੍ਹਾਂ ਪੱਕਾ ਕੀਤਾ ਹੈ? ਮੈਂ ਸੇਵਾਧਾਰੀ ਹਾਂ, ਇਹ ਪਾਠ ਕੁਝ ਪੱਕਾ ਲੱਗਦਾ ਹੈ ਪਰ ਆਤਮਾ ਸੇਵਾਧਾਰੀ ਹਾਂ, ਤਾਂ ਜੀਵਨਮੁਕਤ ਬਣ ਜਾਵੇਗੀ। ਰੋਜ਼ ਸ਼ਰੀਰ ਵਿੱਚ ਉੱਪਰ ਤੋਂ ਅਵਤਰਿਤ ਹੋ, ਮੈਂ ਅਵਤਾਰ ਹਾਂ, ਇਸ ਸ਼ਰੀਰ ਵਿੱਚ ਅਵਤਰਿਤ ਆਤਮਾ ਹਾਂ, ਫਿਰ ਯੁੱਧ ਨਹੀਂ ਕਰਨੀ ਪਵੇਗੀ। ਆਤਮ ਬਿੰਦੂ ਹੈ ਨਾ? ਤਾਂ ਸਭ ਗੱਲਾਂ ਨੂੰ ਬਿੰਦੂ ਲੱਗ ਜਾਏਗਾ। ਕਿਹੜੀ ਆਤਮਾ ਹਾਂ? ਰੋਜ਼ ਇੱਕ ਨਵਾਂ -ਨਵਾਂ ਟਾਈਟਲ ਸਮ੍ਰਿਤੀ ਵਿੱਚ ਰੱਖੋ। ਤੁਹਾਡੇ ਕੋਲ ਬਹੁਤ ਟਾਇਟਲਾਂ ਦੀ ਲਿਸਟ ਤੇ ਹੈ ਨਾ। ਰੋਜ਼ ਨਵਾਂ ਟਾਈਟਲ ਸਮ੍ਰਿਤੀ ਵਿੱਚ ਰੱਖੋ ਕਿ ਮੈਂ ਅਜਿਹੀ ਸ਼੍ਰੇਸ਼ਠ ਆਤਮਾ ਹਾਂ। ਸਹਿਜ ਹੈ ਜਾਂ ਮੁਸ਼ਕਿਲ? ਆਤਮਾ ਬਿੰਦੂ ਰੂਪ ਵਿੱਚ ਰਹੇਗੀ, ਤਾਂ ਡਰਾਮਾ ਬਿੰਦੂ ਵੀ ਕੰਮ ਵਿੱਚ ਆਏਗਾ ਅਤੇ ਸਮੱਸਿਆਵਾਂ ਨੂੰ ਵੀ ਸੈਕਿੰਡ ਵਿੱਚ ਬਿੰਦੂ ਲਗਾ ਸਕੋਗੇ ਅਤੇ ਬਿੰਦੂ ਬਣ ਪਰਮਧਾਮ ਵਿੱਚ ਬਿੰਦੂ ਜਾਏਗੀ। ਜਾਣਾ ਹੈ ਜਾਂ ਸਿੱਧਾ ਸਵਰਗ ਵਿੱਚ ਜਾਓਗੇ? ਕਿੱਥੇ ਜਾਵੋਗੇ? ਪਹਿਲੇ ਘਰ ਜਾਵੋਗੇ ਜਾਂ ਰਾਜ ਵਿੱਚ ਜਾਵੋਗੇ? ਬਾਪ ਦੇ ਨਾਲ ਘਰ ਤੱਕ ਤੇ ਚੱਲਣਾ ਹੈ ਨਾ ਕਿ ਸਿੱਧਾ ਰਾਜ ਵਿੱਚ ਚਲੇ ਜਾਵੋਗੇ, ਬਾਪ ਨੂੰ ਪੁੱਛੋਗੇ ਨਹੀਂ! ਤਾਂ ਬਿੰਦੂ ਬਾਪ ਦੇ ਨਾਲ ਬਿੰਦੂ ਬਣ ਪਹਿਲੇ ਘਰ ਜਾਣਾ ਹੈ। ਉਵੇਂ ਰਾਜ ਦਾ ਪਾਸਪੋਸਟ ਨਹੀਂ ਮਿਲੇਗਾ। ਪਰਮਧਾਮ ਤੋਂ ਰਾਜਧਾਨੀ ਵਿੱਚ ਜਾਣ ਦਾ ਪਾਸਪੋਰਟ ਆਟੋਮੈਟਿਕ ਮਿਲ ਜਾਏਗਾ, ਕਿਸੇ ਨੂੰ ਦੇਣ ਦੀ ਜਰੂਰਤ ਨਹੀਂ। ਜਿਨ੍ਹਾਂ ਨਜ਼ਦੀਕ ਹੋਣਗੇ, ਓਨਾ ਨੰਬਰਵਾਰ ਪਰਮਧਾਮ ਵਿੱਚ ਰਾਜ ਵਿੱਚ ਆਉਣਗੇ, ਪਰਮਧਾਮ ਤੋਂ ਪਹਿਲੀ ਆਤਮ ਕਿਹੜੀ ਜਾਏਗੀ? ਕਿਸਦੇ ਨਾਲ ਜਾਣਗੇ? ਬ੍ਰਹਮਾ ਬਾਪ ਦੇ ਨਾਲ ਜਾਣਗੇ! ਸਭ ਰਾਜ ਵਿੱਚ ਵੀ ਨਾਲ ਜਾਣਗੇ ਜਾਂ ਦੂਸਰੇ ਤੀਸਰੇ ਜਨਮ ਵਿੱਚ ਆਉਣਗੇ? ਜਾਣਾ ਹੈ ਨਾ? ਪਿਆਰ ਹੈ ਨਾ? ਬ੍ਰਹਮਾ ਬਾਪ ਨੂੰ ਛੱਡੋਗੇ ਤਾਂ ਨਹੀਂ, ਨਾਲ ਜਾਵੋਗੇ? ਤਾਂ ਬਾਪਦਾਦਾ ਨੂੰ ਡੇਟ ਦੱਸੋਗੇ ਜਾਂ ਨਹੀਂ?(ਬਾਪਦਾਦਾ ਦੱਸਣ) ਬਾਪਦਾਦਾ ਤੇ ਕਹਿੰਦੇ ਹਨ ਹੁਣੇ ਬਣੋ। ਤਾਂ ਬਾਪ ਵੀ ਡੇਟ ਕਾਂਨਸੇਸ ਤੋਂ ਬਦਲ ਜਾਏਗਾ। ਦੇਖੋ, ਬਾਪ ਨੇ ਕਲ ਨੂੰ ਦੇਖਿਆ? ਤੁਰੰਤ ਦਾਨ - ਮਹਾਦਾਨ ਕੀਤਾ। ਤੀਵਰ

ਪੁਰਸ਼ਾਰਥ, ਪਹਿਲਾ ਪੁਰਸ਼ਾਰਥ ਕੀਤਾ। ਕਲ ਨੂੰ ਨਹੀਂ ਦੇਖਿਆ। ਕਲ ਕੀ ਹੋਵੇਗਾ! ਪਰਿਵਾਰ ਕਿਵੇਂ ਚੱਲੇਗਾ! ਸੋਚਿਆ? ਜੋ ਅੱਜ ਹੋ ਰਿਹਾ ਹੈ ਉਹ ਚੰਗਾ ਅਤੇ ਜੋ ਕਲ ਹੋਵੇਗਾ ਉਹ ਵੀ ਚੰਗਾ। ਤਾਂ ਹੀ ਤੇ ਤੁਰੰਤ ਦਾਨ ਮਹਾਪੁੰਨ ਅਤੇ ਪਹਿਲੇ ਨੰਬਰ ਦਾ ਮਹਾਨ ਬਣਿਆ। ਹੁਣ ਬੱਚਿਆਂ ਨੂੰ ਤੁਰੰਤ ਦਾਨੀ ਬਣਨਾ ਚਾਹੀਦਾ ਹੈ। ਸੰਕਲਪ ਕੀਤਾ ਅਤੇ ਤੁਰੰਤ ਦਾਨ ਮਹਾਬਲੀ ਬਣੇ। ਜਦੋਂ ਹੱਥ ਉਠਵਾਉਂਦੇ ਹਨ ਕਿ ਪਹਿਲੇ ਡਵੀਜ਼ਨ ਵਿੱਚ ਕੌਣ ਆਏਗਾ? ਤਾਂ ਸਭ ਹੱਥ ਉਠਾਉਂਦੇ ਹਨ। ਹੁਣ ਵੀ ਉਠਵਾਉਣਗੇ ਤਾਂ ਸਭ ਉਠਾਉਣਗੇ। ਬਾਪਦਾਦਾ ਜਾਣਦੇ ਹਨ ਕਿ ਕੋਈ ਵੀ ਹੱਥ ਥਲੇ ਨਹੀਂ ਕਰਨਗੇ। ਜਦੋਂ ਪਹਿਲੀ ਡਵੀਜ਼ਨ ਵਿੱਚ ਆਉਣਾ ਹੈ ਤਾਂ ਪਹਿਲੇ ਨੰਬਰ ਨੂੰ ਫਾਲੋ ਤਾਂ ਕਰੋ। ਫਾਲੋ ਕਰਨਾ ਸਹਿਜ ਹੈ - ਬਸ ਬ੍ਰਹਮਾ ਬਾਪ ਦੇ ਕਦਮ ਤੇ ਕਦਮ ਰੱਖੋ। ਕਾਪੀ ਕਰੋ। ਕਾਪੀ ਕਰਨਾ ਤੇ ਆਉਂਦਾ ਹੈ ਕਿ ਨਹੀਂ ਆਉਂਦਾ ਹੈ! ਫਾਲੋ ਕਰਨਾ ਆਉਂਦਾ ਹੈ? ਤਾਂ ਫਾਲੋ ਕਰੋ ਹੋਰ ਕੀ ਕਰਨਾ ਹੈ! ਅੱਛਾ।

ਹੁਣੇ - ਹੁਣੇ ਸਭ ਜੋ ਵੀ ਬੈਠੇ ਹਨ, ਇੱਕ ਸੈਕਿੰਡ ਵਿੱਚ ਅਸ਼ਰੀਰੀ, ਆਤਮਿਕ ਸਥਿਤੀ ਵਿਚ ਸਥਿਤ ਹੋ ਜਾਵੋ। ਸ਼ਰੀਰ ਭਾਨ ਵਿੱਚ ਨਹੀਂ ਆਓ। ਆਤਮਾ, ਪਰਮ ਆਤਮਾ ਨਾਲ ਮਿਲਣ ਮਨਾ ਰਹੀ ਹੈ। ( ਬਾਪਦਾਦਾ ਨੇ ਡ੍ਰੀਲ ਕਰਵਾਈ) ਅਜਿਹਾ ਅਭਿਆਸ ਬਾਰ - ਬਾਰ ਕਰਮ ਕਰਦੇ -ਕਰਦੇ ਰਹੋ। ਸਵਿੱਚ ਆਨ ਕੀਤਾ ਅਤੇ ਸੈਕਿੰਡ ਵਿੱਚ ਅਸ਼ਰੀਰੀ ਬਣੇ। ਇਹ ਅਭਿਆਸ ਕਰਮਾਤੀਤ ਸਥਿਤੀ ਦਾ ਅਨੁਭਵ ਕਰਵਾਏਗਾ।

ਚਾਰੋਂ ਪਾਸੇ ਦੇ ਸਦਾ ਸਮਰਥ ਆਤਮਾਵਾਂ ਨੂੰ, ਸਦਾ ਬਾਪਦਾਦਾ ਨੂੰ ਫਾਲੋ ਕਰਨ ਵਾਲੇ ਸਹਿਜ ਪੁਰਸ਼ਾਰਥੀ ਬੱਚਿਆਂ ਨੂੰ, ਸਦਾ ਇੱਕ ਬਾਪ, ਇਕਾਗ੍ਰ ਬੁੱਧੀ, ਇੱਕਰਸ ਸਥਿਤੀ ਵਿਚ ਸਥਿਤ ਰਹਿਣ ਵਾਲੇ, ਬਿੰਦੂ ਬਣ, ਬਿੰਦੂ ਬਾਪ ਦੇ ਨਾਲ ਚੱਲਣ ਵਾਲੇ ਅਜਿਹੇ ਸਰਵ ਬਾਪ ਦੇ ਸਨੇਹੀ, ਸਹਿਯੋਗੀ, ਸੇਵਾਦਾਰੀ ਬੱਚਿਆਂ ਨੂੰ ਬਾਪਦਾਦਾ ਦਾ ਯਾਦਪਿਆਰ ਅਤੇ ਨਮਸਤੇ।

ਵਰਦਾਨ:- ਅਵਿਨਾਸ਼ੀ ਸੁਹਾਗ ਅਤੇ ਭਾਗ ਦੇ ਤਿਲਕਧਾਰੀ ਸੋ ਭਵਿੱਖ ਦੇ ਰਾਜ ਤਿਲਕਧਾਰੀ ਭਵ।

ਸੰਗਮਯੁਗ ਤੇ ਦੇਵਾਂ ਦੇ ਦੇਵ ਦੇ ਸੁਹਾਗ ਅਤੇ ਪਰਮਾਤਮ ਅਤੇ ਇਸ਼ਵਰੀਏ ਸੰਤਾਨ ਦੇ ਭਾਗ ਦਾ ਤਿਲਕ ਪ੍ਰਾਪਤ ਹੁੰਦਾ ਹੈ। ਜੇਕਰ ਇਹ ਸੁਹਾਗ ਅਤੇ ਭਾਗ ਦਾ ਤਿਲਕ ਅਵਿਨਾਸ਼ੀ ਹੈ, ਮਾਇਆ ਇਸ ਤਿਲਕ ਨੂੰ ਮਿਟਾਉਂਦੀ ਨਹੀਂ ਹੈ ਤਾਂ ਇੱਥੋਂ ਦੇ ਸੁਹਾਗ ਅਤੇ ਭਾਗ ਦੇ ਤਿਲਕਧਾਰੀ ਸੋ ਭਵਿੱਖ ਦੇ ਰਾਜ ਤਿਲਕਧਾਰੀ ਬਣਦੇ ਹਨ। ਹਰ ਜਨਮ ਵਿੱਚ ਰਾਜ ਤਿਲਕ ਦਾ ਉਤਸਵ ਹੁੰਦਾ ਹੈ। ਰਾਜਾ ਦੇ ਨਾਲ ਰਾਯਲ ਫੈਮਲੀ ਦਾ ਵੀ ਤਿਲਕ ਦਿਵਸ ਮਨਾਇਆ ਜਾਂਦਾ ਹੈ।

ਸਲੋਗਨ:- ਸਦਾ ਇੱਕ ਦੇ ਸਨੇਹ ਵਿਚ ਸਮਾਏ ਰਹੋ, ਤਾਂ ਇਹ ਮੁਹੱਬਤ ਮਿਹਨਤ ਨੂੰ ਖਤਮ ਕਰ ਦੇਵੇਗੀ।

******